Impact Projects

SARE HOMES
GURGAON | MUMBAI | CHENNAI | GHAZIABAD | INDORE | AMRITSAR

# ਸਾਰੇ ਹੋਮਜ਼ ਅਤੇ ਇੰਪੈਕਟ ਪ੍ਰਾਜੈਕਟ ਵੱਲੋਂ ਅੰਮ੍ਰਿਤਸਰ ਵਿੱਚ ਐਸ਼ਬੈਰੀ ਹੋਮਜ਼ ਦੇ ਕਬਜ਼ਿਆਂ ਦੀ ਪੇਸ਼ਕਸ਼,

## ਨਵੇਂ ਮਾਲਕਾਂ ਦੇ ਲਾਭ ਲਈ ਐਸ਼ਿਉਰਡ ਰੈਂਟਲ ਸਕੀਮ ਲਾਂਚ

**ਅੰਮ੍ਰਿਤਸਰ**, 20 **ਜਨਵਰੀ**, 2015: ਸਾਰੇ ਹੋਮਜ਼, ਜੋ ਇਕ ਐਫਡੀਆਈ ਫੰਡ ਪ੍ਰਾਪਤ ਰੀਅਲ ਅਸਟੇਟ ਡਿਵੈਲਪਰ ਹੈ, ਜਿਸ ਦੀਆਂ ਭਾਰਤ ਵਿਚ ਸੱਤ ਸੰਗਠਿਤ ਟਾਊਨਸ਼ਿਪਾਂ ਹਨ, ਅਤੇ ਇੰਪੈਕਟ ਪ੍ਰਾਜੈਕਟਸ ਪ੍ਰਾਈਵੇਟ ਲਿਮਟਿਡ, ਜੋ ਪੰਜਾਬ ਵਿਚਲਾ ਇਕ ਰਸੂਖ਼ਦਾਰ ਡਿਵੈਲਪਰ ਹੈ, ਨੇ ਆਪਣੀ ਕ੍ਰੀਸੈਂਟ ਪਾਰਕ ਟਾਊਨਸ਼ਿਪ ਅੰਮ੍ਰਿਤਸਰ ਵਿਚ ਸਥਿਤ ਰੀਅਲ ਅਸਟੇਟ ਪ੍ਰਾਜੈਕਟ ਐਸ਼ਬੈਰੀ ਹੋਮਜ਼ ਵਿਚ ਰੇਡੀ-ਟੂ-ਮੂਵ-ਇਨ ਅਪਾਰਟਮੈਂਟਸ ਦੇ ਕਬਜ਼ੇ ਦੇਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਵਿਚ 240 ਕਬਜ਼ੇ ਪਹਿਲਾਂ ਹੀ ਗਾਹਕਾਂ ਨੂੰ ਪੇਸ਼ ਕੀਤੇ ਜਾ ਚੁੱਕੇ ਹਨ।

ਇਸ ਮੌਕੇ ਉਤੇ ਸ੍ਰੀ ਵਿਨੀਤ ਰੇਲੀਆ, ਮੈਨੇਜ਼ਿੰਗ ਡਾਇਰੈਕਟਰ, ਸਾਰੇ ਹੋਮਜ਼ ਨੇ ਕਿਹਾ, "ਅੰਮ੍ਰਿਤਸਰ ਵਿਚ ਸਾਡਾ ਮੋਹਰੀ ਪ੍ਰਾਜੈਕਟ ਹੁਣ ਤਿਆਰ ਹੈ। ਸਾਨੂੰ ਇਹ ਕਹਿੰਦਿਆਂ ਬਹੁਤ ਖੁਸ਼ੀ ਹੋ ਰਹੀ ਹੈ ਕਿ ਅਸੀਂ ਇਕ ਵਾਰੀ ਫੇਰ ਵੇਲੇ ਸਿਰ ਕਬਜ਼ੇ ਦੇਣ ਦੀ ਆਪਣੀ ਵਚਨਬੱਧਤਾ ਪੂਰੀ ਕਰਨ ਵਿਚ ਕਾਮਯਾਬ ਰਹੇ ਹਾਂ। ਇਹ ਸਾਡੇ ਬਿਹਤਰੀਨ ਪ੍ਰਾਜੈਕਟਾਂ ਵਿਚੋਂ ਇਕ ਹੈ ਸਾਨੂੰ ਭਰੋਸਾ ਹੈ ਕਿ ਇਸ ਟਾਊਨਸ਼ਿਪ ਵਿਚ ਰਹਿਣ ਵਾਲਿਆਂ ਦੀ ਆਪਣੇ ਪੈਸੇ ਦੀ ਕੀਮਤ ਵਸੂਲ ਹੋ ਜਾਵੇਗੀ।"

ਸਾਰੇ ਹੋਮਜ਼ ਵੱਲੋਂ ਇਸ ਮੌਕੇ **ਐਸ਼ਿਉਰਡ ਰੈਂਟਲ ਪਲੈਨ** ਵੀ ਸੰਭਾਵਿਤ ਮਾਲਕਾਂ ਦੇ ਲਾਭ ਲਈ ਐਲਾਨੀ ਜਾ ਰਹੀ ਹੈ। ਨਵੇਂ ਮਾਲਕ, ਜੇ ਪਸੰਦ ਕਰਨ ਤਾਂ ਬੁਕਿੰਗ ਦੇ 120 ਦਿਨਾਂ ਦੌਰਾਨ 100% ਅਦਾਇਗੀ ਕਰ ਸਕਦੇ ਹਨ ਅਤੇ ਉਹ 12 ਮਹੀਨਿਆਂ ਦੇ ਸਮੇਂ ਲਈ ਡਿਵੈਲਪਰ ਤੋਂ ਮਾਸਿਕ ਕਿਰਾਇਆ ਹਾਸਲ ਕਰ ਸਕਦੇ ਹਨ।

ਸ੍ਰੀ ਪੰਕਜ ਮਲਹੋਤਰਾ, CEO, ਇੰਪੈਕਟ ਪ੍ਰਾਜੈਕਟਸ, ਨੇ ਇਸ ਯੋਜਨਾ ਬਾਰੇ ਬੋਲਦਿਆਂ ਕਿਹਾ, "ਬਹੁਤੇ ਲੋਕ ਜਾਇਦਾਦਾਂ ਨੂੰ ਲੰਬੇ ਸਮੇਂ ਦੇ ਨਿਵੇਸ਼ ਵਿਕਲਪ ਵਜੋਂ ਖਰੀਦਣਾ ਪਸੰਦ ਕਰਦੇ ਹਨ। ਪਰ ਇਸ ਸਕੀਮ ਰਾਹੀਂ ਅਸੀਂ ਮਾਲਕਾਂ ਨੂੰ ਕਿਰਾਏ ਦੇ ਰੂਪ ਵਿਚ ਛੋਟੇ ਸਮੇਂ ਦਾ ਲਾਭ ਲੈਣ ਦਾ ਮੌਕਾ ਦੇ ਰਹੇ ਹਾਂ, ਅਤੇ ਇਸ ਲਈ ਉਨ੍ਹਾਂ ਨੂੰ ਦਲਾਲ ਦੀ ਮਦਦ ਲੈਣ ਜਾਂ ਵਧੀਆ ਕਿਰਾਏਦਾਰ ਲੱਭਣ ਦਾ ਝੰਜਟ ਵੀ ਨਹੀਂ ਹੋਵੇਗਾ।"

ਕ੍ਰੀਸੈਂਟ ਪਾਰਕ, ਅੰਮ੍ਰਿਤਸਰ ਮੋਹਰੀ ਆਰਕੀਟੈਕਚਰਲ ਫਰਮ ਫੇਅਰਵੁੱਡ ਵੱਲੋਂ ਤਿਆਰ ਸਭ ਤੋਂ ਵੱਡੇ ਰੀਅਲ ਅਸਟੇਟ ਪ੍ਰਾਜੈਕਟਾਂ ਵਿਚੋਂ ਇਕ ਹੈ, ਜਿਹੜਾ 101 ਏਕੜ ਵਿਚ ਫੈਲਿਆ ਹੋਇਆ ਹੈ, ਜਿਸ ਵਿਚ ਸ਼ਾਮਲ ਹਨ ਘੱਟ ਉਚਾਈ ਵਾਲੇ ਟਾਵਰ ਅਤੇ ਪਲਾਟ, ਜਿਨ੍ਹਾਂ ਵਿਚ ਹਨ ਆਲਮੀ ਪੱਧਰ ਦੀਆਂ ਸਹੂਲਤਾਂ। ਪ੍ਰਾਜੈਕਟ NH-1 ਬਾਈਪਾਸ ਉਤੇ ਸਥਿਤ ਹੈ, ਜਿਹੜਾ ਰਾਜਾਸਾਂਸੀ ਕੌਮਾਂਤਰੀ ਹਵਾਈ ਅੱਡੇ ਤੋਂ 20 ਮਿੰਟ, ਅੰਮ੍ਰਿਤਸਰ ਰੇਲਵੇ ਜੰਕਸ਼ਨ ਤੋਂ 13 ਮਿੰਟ, ਬੱਸ ਡਿੱਪੂ ਤੋਂ ਤੁਰ ਕੇ 5 ਮਿੰਟ ਦੇ ਫਾਸਲੇ ਉਤੇ ਹੈ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਿਆਨ ਇੰਟਰਨੈਸ਼ਨਲ ਸਕੂਲ, ਗੁਰੂ ਰਾਮਦਾਸ ਹਸਪਤਾਲ, ਐਲਫਾ ਵਨ ਮਾਲ, ਹਿਆਤ ਹੋਟਲ, ਮੋਹਰੀ ਬੈਂਕਾਂ ਅਤੇ ਦਰਬਾਰ ਸਾਹਿਬ ਦੇ ਕਾਫੀ ਨੇੜੇ ਸਥਿਤ ਹੈ।

ਅੰਮ੍ਰਿਤਸਰ ਵਿਚ ਇਸ ਕੌਮਾਂਤਰੀ ਪੱਧਰ ਦੀ ਰਿਹਾਇਸ਼ੀ ਟਾਊਨਸ਼ਿਪ ਵਿਚ ਵੱਖ-ਵੱਖ ਕੌਮਾਂਤਰੀ ਪੱਧਰ ਦੀਆਂ ਸਹੂਲਤਾਂ ਹਨ, ਜਿਹੜੀਆਂ ਇਥੇ ਆਲਮੀ ਪੱਧਰ ਦਾ ਰਹਿਣ-ਸਹਿਣ ਦਿੰਦੀਆਂ ਹਨ, ਜਿਵੇਂ 24x7 ਪਾਣੀ ਸਪਲਾਈ, ਪਾਵਰ ਬੈਕ-ਅਪ ਅਤੇ ਸਕਿਉਰਿਟੀ, ਮੈਟਲਡ ਰੋਡ ਅਤੇ ਇਕ ਤਜਵੀਜ਼ਤ 20,000 ਵਰਗ ਫੁੱਟ ਦਾ ਕਲੱਬ ਹਾਊਸ, ਜੋ ਅਜਿਹੀਆਂ ਸਹੂਲਤਾਂ ਹਨ ਜਿਹੜੇ ਇਸ ਕੀਮਤ ਪੱਧਰ ਉਤੇ ਪਹਿਲਾਂ ਕਦੇ ਨਹੀਂ ਦਿੱਤੀਆਂ ਗਈਆਂ। ਇਹ ਸੈਲਫ-ਕੰਟੇਨਡ ਟਾਊਨਸ਼ਿਪ ਇਸ ਦੇ ਵਸਨੀਕਾਂ ਨੂੰ ਸੁਰੱਖਿਆ, ਸਿਹਤ ਸੰਭਾਲ, ਸਿੱਖਿਆ, ਟਰਾਂਸਪੋਰਟ, ਸੰਚਾਰ ਅਤੇ ਮਨੋਰੰਜਨ ਸਬੰਧੀ ਮੁਕੰਮਲ ਸਪੋਰਟ ਮੁਹੱਈਆ ਕਰਾਉਂਦੀ ਹੈ।

ਟਾਊਨਸ਼ਿਪ ਦੀ ਸੱਚ-ਮੁੱਚ ਦੀ ਤਾਰੀਫ ਕਰਦਿਆਂ ਸ਼ੁਰੂਆਤੀ ਮਾਲਕਾਂ ਵਿਚੋਂ ਇਕ ਸ੍ਰੀ ਸੁਖਦੇਵ ਸੰਧੂ ਨੇ ਕਿਹਾ, "ਟਾਊਨਸ਼ਿਪ ਵਿਚ ਮੁਹੱਈਆ ਕਰਵਾਈ ਗਈ ਸੇਵਾ ਸ਼ਾਨਦਾਰ ਹੈ। ਸਾਨੂੰ 24 ਘੰਟੇ ਸਕਿਉਰਿਟੀ ਅਤੇ ਬੁਨਿਆਦੀ ਸਹੂਲਤਾਂ ਉਪਲਬਧ ਹਨ, ਜਿਵੇਂ ਬਿਜਲੀ ਅਤੇ ਪਾਣੀ ਦੀ ਸਪਲਾਈ ਦੀ ਕੋਈ ਚਿੰਤਾ ਹੀ ਨਹੀਂ ਹੈ। ਟਾਊਨਸ਼ਿਪ ਦੀ ਸੁੰਦਰਤਾ ਅਤੇ ਸਾਂਭ-ਸੰਭਾਲ ਕਮਾਲ ਦੀ ਹੈ ਤੇ ਸਟਾਫ ਅਤੇ ਸਰਵਿਸ ਵੀ ਲਾਜਵਾਬ ਹੈ।"

**ਸਾਰੇ ਹੋਮਜ਼ ਬਾਰੇ**

**ਭਾਰਤੀ** ਰੀਐਲਿਟੀ ਬਾਜ਼ਾਰ ਵਿਚ 2006 ਤੋਂ ਕੰਮ ਕਰ ਰਹੀ, ਸਾਰੇ ਹੋਮਜ਼, ਇਕ ਵਿਦੇਸ਼ੀ ਫੰਡ ਹੈ, ਜਿਸ ਨੂੰ ਭਾਰਤ ਵਿਚ ਰਿਹਾਇਸ਼ੀ ਰੀਅਲ ਅਸਟੇਟ ਦੇ ਵਿਕਾਸ ਨੂੰ ਤਰਜੀਹ ਦੇਣ ਵਾਲੇ ਡੂਇਟ ਗਰੁੱਪ ਵੱਲੋਂ ਪ੍ਰਮੋਟਿਡ ਕੀਤਾ ਗਿਆ ਹੈ। ਇਸ ਨੇ ਭਾਰਤ ਵਿਚ ਆਪਣੀਆਂ ਜਾਇਦਾਦਾਂ ਰਾਹੀਂ ਇਕ ਮਜ਼ਬੂਤ ਬੈਲੈਂਸ ਸ਼ੀਟ ਕਾਇਮ ਕੀਤੀ ਹੈ ਜਿਸ ਦੀ ਕੀਮਤ ਰੁ. 4,100 ਕਰੋੜ ਹੈ। ਸਾਰੇ ਦੇ ਸ਼ੇਅਰ ਆਲਮੀ ਸੰਸਥਾਗਤ ਨਿਵੇਸ਼ਕਾਂ ਜਿਵੇਂ ਫੋਰਮ ਪਾਰਟਨਰਜ਼ ਅਤੇ ਗੋਲਡਮੈਨ ਸੈਸ਼ੇਜ਼ ਪ੍ਰਿੰਸੀਪਲ ਸਟਰੈਟੇਜੀ (GSPS) ਏਸ਼ੀਆ ਲਿਮਟਿਡ ਕੋਲ ਹਨ, ਜਿਹੜੇ ਇਹ ਯਕੀਨੀ ਬਣਾਉਂਦੇ ਹਨ ਕਿ ਫੰਡ ਵੱਲੋਂ ਆਪਣਾ ਕੰਮ ਕਾਜ ਕਾਰਪੋਰੇਟ ਪ੍ਰਬੰਧਨ ਦੇ ਸਿਖਰਲੇ ਮਿਆਰਾਂ ਮੁਤਾਬਕ ਕੀਤਾ ਜਾਵੇ। ਐਸਏਆਰਈ ਦਾ ਪ੍ਰਮੋਟਰ, ਡੂਇਟ ਗਰੁੱਪ, ਇਕ ਆਲਮ ਐਸਟ ਅਤੇ ਰੀਅਲ ਅਸਟੇਟ ਮੈਨੇਜਮੈਂਟ ਫਰਮ ਹੈ ਜਿਹੜੀ ਲੰਡਨ ਵਿਚ ਆਧਾਰਤ ਹੈ ਅਤੇ ਇਸ ਦੇ ਦਫ਼ਤਰ ਨਿਊਯਾਰਕ, ਬੋਸਟਨ, ਨਵੀਂ ਦਿੱਲੀ ਅਤੇ ਦੁਬਈ ਵਿਚ ਹਨ।

**ਇੰਪੈਕਟ ਪ੍ਰਾਜੈਕਟਸ ਪ੍ਰਾਈਵੇਟ ਲਿਮਟਿਡ ਬਾਰੇ**

ਇੰਪੈਕਟ ਪ੍ਰਾਜੈਕਟਸ ਪ੍ਰਾਈਵੇਟ ਲਿਮਟਿਡ (ਆਈਪੀਪੀਐਲ), ਇੰਪੈਕਟ ਗਰੁੱਪ ਦਾ ਇਕ ਮੈਂਬਰ ਹੈ ਅਤੇ ਪੰਜਾਬ ਵਿਚ ਇਕ ਮੋਹਰੀ ਰੀਅਲ ਅਸਟੇਟ ਵਿਕਾਸ ਕੰਪਨੀ ਹੈ ਅਤੇ ਇਸ ਨੇ 2001 ਵਿਚ ਆਪਣੀ ਸਥਾਪਨਾ ਤੋਂ ਬਾਅਦ ਦਰਜਨ ਤੋਂ ਵੱਧ ਸਫਲ ਪ੍ਰਾਜੈਕਟ ਪੂਰੇ ਕੀਤੇ ਹਨ। ਆਈਪੀਪੀਐਲ ਨੇ ਇਨ-ਹਾਊਸ ਅਤੇ ਕੁਝ ਆਲਮੀ ਪੱਧਰ ਦੇ ਭਾਈਵਾਲਾਂ ਜਿਵੇਂ ਟਾਟਾ ਹਾਊਸਿੰਗ ਅਤੇ ਸਾਰੇ ਨਾਲ ਮਿਲ ਕੇ ਆਪਣੇ ਕੁਝ ਬਹੁਤ ਹੀ ਇੰਨੋਵੇਟਿਵ ਪ੍ਰਾਜੈਕਟ ਪੂਰੇ ਕੀਤੇ ਹਨ। ਆਈਪੀਪੀਐਲ ਦੇ ਕੰਮ-ਕਾਜ ਰੀਅਲ ਅਸਟੇਟ ਵਿਕਾਸ ਦੇ ਵੱਖੋ-ਵੱਖ ਪੱਖਾਂ ਤੱਕ ਫੈਲੇ ਹੋਏ ਹਨ, ਜਿਨ੍ਹਾਂ ਵਿਚ ਪਛਾਣ, ਗ੍ਰਹਿਣ ਤੋਂ ਲੈ ਕੇ ਜ਼ਮੀਨ ਦੇ ਇਕੱਤਰੀਕਰਨ ਤੋਂ ਲੈ ਕੇ ਖੋਜ, ਮਨਜ਼ੂਰੀਆਂ, ਯੋਜਨਾਬੰਦੀ ਤੇ ਡਿਜ਼ਾਈਨਿੰਗ, ਵਿਕਰੀ, ਮਾਰਕੀਟਿੰਗ ਅਤੇ ਪ੍ਰਾਜੈਕਟਾਂ ਦਾ ਵਿਕਾਸ ਸ਼ਾਮਲ ਹਨ।

ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿਚ ਆਪਣਾ ਬਰਾਂਡ ਸਥਾਪਤ ਕਰ ਲੈਣ ਤੋਂ ਬਾਅਦ ਆਈਪੀਪੀਐਲ ਹੁਣ ਇਕ ਵਧੀਆ ਵਿਕਾਸ ਦੀ ਸਥਿਤੀ ਵਿਚ ਹੈ। ਬਾਜ਼ਾਰ ਵਿਚ ਵਧੀਆ ਮਾਹੌਲ ਤੋਂ ਉਤਸ਼ਾਹਿਤ ਹੋ ਕੇ ਇਸ ਦੀ ਅਗਲੇ 5-7 ਸਾਲਾਂ ਦੌਰਾਨ ਉਤਰੀ ਭਾਰਤ ਦੇ ਦੋ ਹੋਰ ਸੂਬਿਆਂ (ਹਰਿਆਣਾ ਅਤੇ ਰਾਜਸਥਾਨ) ਵਿਚ ਦਾਖ਼ਲ ਹੋਣ ਦੀ ਯੋਜਨਾ ਹੈ ਅਤੇ ਇਸ ਦੀ ਵੱਡੇ ਪੈਮਾਨੇ ਦੇ ਪ੍ਰਾਜੈਕਟ ਮੁਕੰਮਲ ਕਰਨ ਦੀ ਯੋਜਨਾ ਹੈ, ਜਿਸ ਦਾ ਮਕਸਦ ਮਾਲੀਏ ਤੇ ਮੁਨਾਫ਼ੇ ਪੱਖੋਂ ਅਹਿਮ ਵਿਕਾਸ ਕਰਨਾ ਹੈ।

**ਮੀਡੀਆ ਸੰਪਰਕ:**

**ਮਯੂਰੀ ਅਗਰਵਾਲ**
**ਜਨਰਲ ਮੈਨੇਜਰ- ਮਾਰਕੀਟਿੰਗ ਅਤੇ ਲੋਕ ਸੰਪਰਕ**
**ਟੇਲਿ: 0124 6677100**
**ਈਮੇਲ: mayuri.aggarwal@saregroup.com**

**ਸਮੀਰ ਜੌਲੀ**
**ਐਡਫੈਕਟਰਸ**
**ਟੇਲਿ: 9781910123**
**ਈਮੇਲ: sameer.jolly@adfactorspr.com**